## ਪਾਠ-23

# ਮਿਲਖੀ ਦਾ ਵਿਆਹ (ਲੇਖਕ-ਰਜਿੰਦਰ ਕੌਰ)



## 1. ਪ੍ਰਸ਼ਨ/ਉੱਤਰ

**ਪ੍ਰਸ਼ਨ ੳ. ਬਾਂਦਰ ਦੇ ਮਨ ਵਿੱਚ ਕਿਹੜਾ ਫੁਰਨਾ ਫੁਰਿਆ?**

ਉੱਤਰ : ਬਾਂਦਰ ਦੇ ਮਨ ਵਿੱਚ ਵਿਆਹ ਕਰਾਉਣ ਦਾ ਫੁਰਨਾ ਫੁਰਿਆ।

**ਪ੍ਰਸ਼ਨ ਅ. ਬਾਂਦਰ ਨੇ ਫੁਰਨੇ ਬਾਰੇ ਪਹਿਲਾਂ ਕਿਹੜਾ ਕੰਮ ਕੀਤਾ?**

ਉੱਤਰ : ਬਾਂਦਰ ਨੇ ਅਖ਼ਬਾਰ ਵਿੱਚ ਇਸ ਬਾਰੇ ਇਸ਼ਤਿਹਾਰ ਦਿੱਤਾ।

**ਪ੍ਰਸ਼ਨ ੲ. ਨੱਥੋ ਕਿਹੋ-ਜਿਹੇ ਕੱਪੜੇ ਪਾ ਕੇ ਆਈ?**

ਉੱਤਰ : ਨੱਥੋ ਲਾਲ ਕੱਪੜੇ ਪਾ ਕੇ ਆਈ। ਉਸ ਦੇ ਤੇੜ ਲਾਲ ਘੱਗਰਾ ਸੀ ਤੇ ਵਾਲਾਂ ਵਿੱਚ ਲਾਲ ਪਰਾਂਦੀ ਸੀ।

**ਪ੍ਰਸ਼ਨ ਸ. ਮਿਲਖੀ ਦੀਆਂ ਆਦਤਾਂ ਕਿਹੋ-ਜਿਹੀਆਂ ਸਨ?**

ਉੱਤਰ : ਮਿਲਖੀ ਨੂੰ ਗੰਦਾ ਰਹਿਣ ਦੀ ਆਦਤ ਸੀ। ਉਹ ਨਾ ਮੂੰਹ ਧੋਂਦਾ ਸੀ ਤੇ ਨਾ ਦਾਤਣ ਕਰਦਾ ਸੀ। ਉਹ ਦਾਰੂ ਵੀ ਪੈਂਦਾ ਸੀ ਤੇ ਤੰਬਾਕੂ ਖਾਂਦਾ ਸੀ ।

**ਪ੍ਰਸ਼ਨ ਹ. ਮਿਲਖੀ ਦੀਆਂ ਆਦਤਾਂ ਤੋਂ ਤੰਗ ਆ ਕੇ ਨੱਥੋ ਨੇ ਕੀ ਕੀਤਾ?**

ਉੱਤਰ : ਮਿਲਖੀ ਦੀਆਂ ਆਦਤਾਂ ਤੋਂ ਤੰਗ ਆ ਕੇ ਨੱਥੋ ਪੇਕੇ ਤੁਰ ਗਈ।

**ਪ੍ਰਸ਼ਨ ਕ. ਮਿਲਖੀ ਨੇ ਨੱਥੋ ਨੂੰ ਕਿਵੇਂ ਮਨਾਇਆ?**

ਉੱਤਰ : ਮਿਲਖੀ ਨੇ ਸਾਫ-ਸੁਥਰਾ ਬਣ ਕੇ ਨੱਥੋ ਕੋਲ ਗਿਆ ਤੇ ਕਿਹਾ ਕਿ ਹੁਣ ਉਸ ਦੀ ਅਕਲ ਟਿਕਾਣੇ ਆ ਗਈ ਹੈ। ਉਹ ਅੱਗੇ ਤੋਂ ਸਫ਼ਾਈ ਰੱਖੇਗਾ ਅਤੇ ਨਸ਼ਾ ਨਹੀਂ ਕਰੇਗਾ।

**ਪ੍ਰਸ਼ਨ ਖ. ਨੱਥੋ ਦੂਜੀ ਵਾਰੀ ਕਿਵੇਂ ਆਈ?**

ਉੱਤਰ : ਨੱਥੋ ਦੂਜੀ ਵਾਰੀ ਮਿਲਖੀ ਦੁਆਰਾ ਆਪਣੀਆਂ ਆਦਤਾਂ ਸੁਧਾਰਨ ਦਾ ਵਾਧਾ ਕਰ ਕੇ ਟਮਟਮ ਵਿੱਚ ਚੜ੍ਹ ਕੇ ਬੜੇ ਚਾਅ ਨਾਲ ਆਈ।

## 2. ਹੇਠ ਲਿਖੀਆਂ ਕਾਵਿ-ਤੁਕਾਂ ਪੂਰੀਆਂ ਕਰੋ :-

**ੳ. ਮਨ ਵਿਚ ਕਰ ਕੇ ਸੋਚ-ਵਿਚਾਰ,**

ਨਾਂ ਕਢਾਇਆ ਵਿਚ ਅਖ਼ਬਾਰ

ਅ. ਨ੍ਹਾਤਾ-ਧੋਤਾ, ਸੁਰਮਾ ਪਾਇਆ,

ਨੱਥੋ ਅੱਗੇ ਜਾ ਪਟਕਾਇਆ।

## 3. ਹੇਠ ਲਿਖੀਆਂ ਤੁਕਾਂ ਦੇ ਭਾਵ-ਅਰਥ ਦੱਸੋ :-

ਇੱਕ ਸਿਆਣੀ ਨੱਥੋ ਲੱਭੇ,<br>
ਅੱਗੇ-ਪਿੱਛੇ, ਸੱਜੇ-ਖੱਬੇ।<br>
ਨਾ ਪੈਸਾ ਨਾ ਦਾਜ-ਦਹੇਜ,<br>
ਜਾਤ-ਪਾਤ ਤੋਂ ਕਰਾਂ ਗੁਰੇਜ਼।

**ਭਾਵ-ਅਰਥ :** ਮਿਲਖੀ ਨੇ ਅਖ਼ਬਾਰ ਵਿੱਚ ਕਢਾਇਆ ਕਿ ਉਸਨੂੰ ਸਿਰਫ਼ ਸਿਆਣੀ ਪਤਨੀ ਚਾਹੀਦੀ ਹੈ, ਭਾਵੇਂ ਉਹ ਕਿਤੋਂ ਦੀ ਵੀ ਹੋਵੇ। ਉਸਨੂੰ ਦਾਜ-ਦਹੇਜ ਦਾ ਕੋਈ ਲਾਲਚ ਨਹੀਂ ਤੇ ਨਾ ਹੀ ਜਾਤ-ਪਾਤ ਦੀ ਵਿਚਾਰ ਹੈ।

**ਤਿਆਰ ਕਰਤਾ**

**ਗੁਰਪ੍ਰੀਤ ਸਿੰਘ ਰੂਪਰਾ, ਪੰਜਾਬੀ ਮਾਸਟਰ, 9855800683**

**ਸਮਿਸ ਪੱਖੀ ਖੁਰਦ, ਫ਼ਰੀਦਕੋਟ, roopra.gurpreet@gmail.com**

**4. ਹੇਠ ਦਿੱਤੇ ਕਾਵਿ-ਟੋਟੇ ਨੂੰ ਪੜ੍ਹ ਕੇ ਪ੍ਰਸ਼ਨਾਂ ਦੇ ਉੱਤਰ ਦਿਓ:**

ਮਿਲਖੀ ਨੱਥੋ ਲੱਭ ਲਿਆਂਦੀ,
ਲਾਲ ਘੱਗਰੀ ਲਾਲ ਪਰਾਂਦੀ।
ਗੱਡੀ ਚੜ੍ਹ ਕੇ ਆਈ ਨੱਥੋ,
ਪੈਰੀਂ ਝਾਂਜਰ ਪਾਈ ਨੱਥੋ।
ਵਾਹ ਬਈ ਨੱਥੋ! ਵਾਹ ਬਈ ਵਾਹ!
ਸਹੁਰੇ ਘਰ ਦਾ ਕਿੱਡਾ ਚਾਅ!
ਪਰ ਚੰਦਰੀ ਦੇ ਸੜ ਗਏ ਭਾਗ,
ਮਿਲਖੀ ਤਾਂ ਟੋਭੇ ਦੀ ਗਾਦ।
ਆਖੇ ਇਹ ਕੀ ਕੀਤਾ ਰੱਬਾ,
ਗੰਦਾ-ਰਹਿਣਾ ਮਾਲਕ ਲੱਭਾ।
ਮੂੰਹ ਧੋਂਦਾ ਨਾ ਦਾਤਣ ਕਰਦਾ,
ਪੀਂਦਾ ਦਾਰੂ, ਖਾਂਦਾ ਜ਼ਰਦਾ।

**1. ਨੱਥੋ ਵਿਆਹ 'ਤੇ ਕਿਵੇਂ ਸਜੀ ਹੋਈ ਸੀ?**
ੳ. ਲਾਲ ਘੱਗਰੀ ਪਾ ਕੇ　　ਅ. ਲਾਲ ਪਰਾਂਦੀ ਪਾ ਕੇ
ੲ. ਪੈਰੀਂ ਝਾਂਜਰਾਂ ਪਾ ਕੇ　　ਸ. ਉਕਤ ਸਾਰੇ

**2. ਸਹੁਰੇ ਘਰ ਜਾਣ ਦਾ ਕਿਸਨੂੰ ਚਾਅ ਸੀ?**
ੳ ਮਾਲਕ ਨੂੰ　　ਅ. ਮਿਲਖੀ ਨੂੰ
ੲ. ਨੱਥੋ ਨੂੰ　　ਸ. ਕਿਸੇ ਨੂੰ ਨਹੀਂ

**3. ਟੋਭੇ ਦੀ ਗਾਦ ਕਿਸਨੂੰ ਕਿਹਾ ਗਿਆ ਹੈ?**
ੳ. ਨੱਥੋ ਨੂੰ　　ਅ. ਮਿਲਖੀ ਨੂੰ
ੲ. ਲਾਲ ਘੱਗਰੀ ਨੂੰ　　ਸ. ਝਾਂਜਰ ਨੂੰ

**4. ਨੱਥੋ ਨੂੰ ਮਿਲਖੀ ਦੀਆਂ ਕਿਹੜੀਆਂ ਆਦਤਾਂ ਪਸੰਦ ਨਹੀਂ ਸਨ?**
ੳ. ਗੰਦਾ ਰਹਿਣਾ　　ਅ. ਦਾਤਣ ਨਾ ਕਰਨਾ
ੲ. ਨਸ਼ੇ ਕਰਨਾ　　ਸ. ਉਕਤ ਸਾਰੇ

**5. ਮਿਲਖੀ ਕਿਹੜੇ-ਕਿਹੜੇ ਨਸ਼ੇ ਕਰਦਾ ਸੀ?**
ੳ. ਦਾਰੂ ਪੀਂਦਾ ਸੀ　　ਅ. ਜ਼ਰਦਾ ਖਾਂਦਾ ਸੀ
ੲ. ਕੋਈ ਨਸ਼ਾ ਨਹੀਂ ਸੀ ਕਰਦਾ　　ਸ. ੳ ਅਤੇ ਅ ਦੋਵੇਂ

**6. ਹੇਠ ਲਿਖੇ ਸ਼ਬਦਾਂ ਦੇ ਵਚਨ ਬਦਲੋ:**
1. ਘੱਗਰੀ　　2. ਪਰਾਂਦੀ

**7. 'ਗਾਦ' ਸ਼ਬਦ ਦਾ ਅਰਥ ਦੱਸੋ।**

**8. 'ਪੀਂਦਾ ਦਾਰੂ, ਖਾਂਦਾ ਜ਼ਰਦਾ।' ਵਾਕ ਵਿੱਚ ਕਿੰਨੇ ਵਿਸ਼ਰਾਮ ਚਿੰਨ੍ਹਾਂ ਦੀ ਵਰਤੋਂ ਕੀਤੀ ਗਈ ਹੈ?**
ੳ. ਇੱਕ　　ਅ. ਤਿੰਨ
ੲ. ਦੋ　　ਸ. ਚਾਰ

**9. ਨੱਥੋ ਕਿਹੋ-ਜਿਹੇ ਕੱਪੜੇ ਪਾ ਕੇ ਆਈ ਸੀ?**

**10. ਮਿਲਖੀ ਦੀਆਂ ਆਦਤਾਂ ਕਿਹੋ ਜਿਹੀਆਂ ਸਨ?**

**ਉੱਤਰ ਕੁੰਜੀ-**

1. ਸ. ਉਕਤ ਸਾਰੇ
2. ੲ. ਨੱਥੋ ਨੂੰ
3. ਅ. ਮਿਲਖੀ ਨੂੰ
4. ਸ. ਉਕਤ ਸਾਰੇ
5. ਸ. ੳ ਅਤੇ ਅ
6. 1. ਘੱਗਰੀਆਂ　2. ਪਰਾਂਦੀਆਂ
7. ਗਾਰਾ
8. ੲ. ਦੋ
9. ਨੱਥੋ ਲਾਲ ਕੱਪੜੇ ਪਾ ਕੇ ਆਈ। ਉਸ ਦੇ ਤੇੜ ਲਾਲ ਘੱਗਰਾ ਸੀ ਤੇ ਵਾਲਾਂ ਵਿੱਚ ਲਾਲ ਪਰਾਂਦੀ ਸੀ।
10. ਮਿਲਖੀ ਨੂੰ ਗੰਦਾ ਰਹਿਣਾ ਦੀ ਆਦਤ ਸੀ। ਉਹ ਨਾ ਮੂੰਹ ਧੋਂਦਾ ਸੀ ਤੇ ਨਾ ਦਾਤਣ ਕਰਦਾ ਸੀ। ਉਹ ਦਾਰੂ ਵੀ ਪੀਂਦਾ ਸੀ ਤੇ ਤੰਬਾਕੂ ਖਾਂਦਾ ਸੀ।

---


**ਤਿਆਰ ਕਰਤਾ**
**ਗੁਰਪ੍ਰੀਤ ਸਿੰਘ ਰੂਪਰਾ, ਪੰਜਾਬੀ ਮਾਸਟਰ, 9855800683**
**ਸਮਿਸ ਪੱਖੀ ਖੁਰਦ, ਫ਼ਰੀਦਕੋਟ, roopra.gurpreet@gmail.com**

## 5. ਹੇਠ ਦਿੱਤੇ ਕਾਵਿ-ਟੋਟੇ ਨੂੰ ਪੜ੍ਹ ਕੇ ਪ੍ਰਸ਼ਨਾਂ ਦੇ ਉੱਤਰ ਦਿਓ:

ਬਾਂਦਰ ਦੇ ਮਨ ਫੁਰਿਆ ਫੁਰਨਾ,
ਬੰਨ੍ਹ ਸਿਹਰਾ ਲਾੜਾ ਬਣ ਟੁਰਨਾ।
ਜੇ ਕੋਈ ਨੱਥੋ ਵਿਆਹ ਲਿਆਵਾਂ,
ਚੁੱਲ੍ਹੇ 'ਤੇ ਨਾ ਹੱਥ ਸੜਾਵਾਂ।
ਮਨ ਵਿੱਚ ਕਰ ਕੇ ਸੋਚ-ਵਿਚਾਰ,
ਨਾਂ ਕਢਾਇਆ ਵਿੱਚ ਅਖ਼ਬਾਰ।
ਮਿਲਖੀ ਨਾਂ ਵਲਾਇਤੋਂ ਆਇਆ,
ਸੂਟ-ਬੂਟ ਤੇ ਹੈਟ ਸਜਾਇਆ।
ਇੱਕ ਸਿਆਣੀ ਨੱਥੋ ਲੱਭੇ,
ਅੱਗੇ-ਪਿੱਛੇ, ਸੱਜੇ-ਖੱਬੇ।
ਨਾ ਪੈਸਾ ਨਾ ਦਾਜ-ਦਹੇਜ,
ਜਾਤ-ਪਾਤ ਤੋਂ ਕਰਾਂ ਗੁਰੇਜ਼।

**1. ਬਾਂਦਰ ਦੇ ਮਨ ਵਿੱਚ ਕੀ ਫੁਰਨਾ ਫੁਰਿਆ?**
ੳ. ਸਿਹਰਾ ਬੰਨ੍ਹਣ ਦਾ
ਅ. ਨੱਥੋ ਨਾਲ਼ ਵਿਆਹ ਕਰਵਾਉਣ ਦਾ
ੲ. ਚੁੱਲ੍ਹੇ-ਚੌਂਕੇ ਤੋਂ ਖਹਿੜਾ ਛੁਡਾਉਣ ਦਾ
ਸ. ਉਪਰੋਕਤ ਸਾਰੇ ਸਹੀ

**2. ਮਿਲਖੀ ਨੇ ਕੀ ਪਹਿਨਿਆ ਹੋਇਆ ਸੀ?**
ੳ. ਸੂਟ ਅ. ਬੂਟ
ੲ. ਹੈਟ ਸ. ਉਕਤ ਸਾਰੇ

**3. ਮਿਲਖੀ ਕਿਸ ਦਾ ਨਾਂ ਸੀ?**
ੳ. ਬਾਂਦਰ ਦਾ ਅ. ਬਾਂਦਰੀ
ੲ. ਨੱਥੋ ਦੇ ਲਾੜੇ ਦਾ ਸ. ੳ ਅਤੇ ੲ

**4. ਮਿਲਖੀ ਨੱਥੋ ਨੂੰ ਕਿੱਥੋਂ ਲੱਭਦਾ ਸੀ?**
ੳ. ਅੱਗੇ-ਪਿੱਛੇ ਅ. ਸੱਜੇ-ਖੱਬੇ
ੲ. ਵਲਾਇਤੋਂ ਸ. ੳ, ਅ ਦੋਵੇਂ ਸਹੀ

**5. ਮਿਲਖੀ ਨੇ ਨੱਥੋ ਨਾਲ਼ ਵਿਆਹ ਕਰਨ ਸਮੇਂ ਕਿੰਨਾਂ ਗੱਲਾਂ ਤੋਂ ਗੁਰੇਜ਼ ਕੀਤਾ?**
ੳ. ਦਾਜ-ਦਹੇਜ ਅ. ਪੈਸਾ
ੲ. ਜਾਤ-ਪਾਤ ਸ. ਉਕਤ ਸਾਰੇ

**6. 'ਦਾਜ- ਦਹੇਜ' ਸ਼ਬਦ ਦਾ ਵਾਕ ਬਣਾਓ।**

**7 . ਹੇਠ ਲਿਖੇ ਸ਼ਬਦਾਂ ਦੇ ਲਿੰਗ ਬਦਲੋ:**
1. ਬਾਂਦਰ 2. ਲਾੜਾ

**8. ਹੇਠ ਲਿਖੀ ਤੁੱਕ ਪੂਰੀ ਕਰੋ:**
ਚੁੱਲ੍ਹੇ 'ਤੇ ਨਾ ..................।

**9. ਬਾਂਦਰ ਦੇ ਮਨ ਵਿੱਚ ਕਿਹੜਾ ਫੁਰਨਾ ਫੁਰਿਆ?**

**10. ਬਾਂਦਰ ਨੇ ਫੁਰਨੇ ਬਾਰੇ ਪਹਿਲਾ ਕਿਹੜਾ ਕੰਮ ਕੀਤਾ?**

## ਉੱਤਰ ਕੁੰਜੀ-

1. ਸ. ਉਪਰੋਕਤ ਸਾਰੇ ਸਹੀ
2. ਸ. ਉਕਤ ਸਾਰੇ
3. ਸ. ੳ ਅਤੇ ੲ
4. ਸ. ੳ, ਅ ਦੋਵੇਂ ਸਹੀ
5. ਸ. ਉਕਤ ਸਾਰੇ
6. ਅੱਜ-ਕੱਲ੍ਹ ਦਾਜ-ਦਹੇਜ ਲੈਣਾ ਸ਼ਾਨ ਸਮਝਿਆ ਜਾਂਦਾ ਹੈ।
7. 1. ਬਾਂਦਰੀ 2. ਲਾੜੀ
8. ਹੱਥ ਸੜਾਵਾਂ।
9. ਬਾਂਦਰ ਦੇ ਮਨ ਵਿੱਚ ਵਿਆਹ ਕਰਵਾਉਣ ਦਾ ਫੁਰਨਾ ਫੁਰਿਆ।
10. ਬਾਂਦਰ ਨੇ ਇਸ ਬਾਰੇ ਅਖ਼ਬਾਰ ਵਿੱਚ ਇਸ਼ਤਿਹਾਰ ਦਿੱਤਾ।

**ਤਿਆਰ ਕਰਤਾ**
**ਗੁਰਪ੍ਰੀਤ ਸਿੰਘ ਰੂਪਰਾ, ਪੰਜਾਬੀ ਮਾਸਟਰ, 9855800683**
**ਸਮਿਸ ਪੱਖੀ ਖੁਰਦ, ਫ਼ਰੀਦਕੋਟ, roopra.gurpreet@gmail.com**

## ਪਾਠ-24

## ਜਾਗੋ (ਲੇਖਕ-ਕਿਰਪਾਲ ਸਿੰਘ ਕਜ਼ਾਕ)

## 1. ਪ੍ਰਸ਼ਨ/ਉੱਤਰ



**ਪ੍ਰਸ਼ਨ ੳ. ਬੱਚੇ ਵਿਆਹ 'ਤੇ ਜਾਣ ਲਈ ਕਿਵੇਂ ਤਿਆਰ ਹੋ ਗਏ?**

ਉੱਤਰ : ਜਦੋਂ ਬੱਚਿਆਂ ਨੂੰ ਮੰਮੀ ਨੇ ਦੱਸਿਆ ਕਿ ਵਿਆਹ 'ਤੇ ਜਾਗੋ ਕੱਡੀ ਜਾਵੇਗੀ ਤਾਂ ਉਹ ਵਿਆਹ 'ਤੇ ਜਾਣ ਲਈ ਤਿਆਰ ਹੋ ਗਏ।

**ਪ੍ਰਸ਼ਨ ਅ. ਨਾਨਕਾ-ਮੇਲ ਕੀ ਹੁੰਦਾ ਹੈ ਤੇ ਉਸ ਦਾ ਸੁਆਗਤ ਕਿਵੇਂ ਕੀਤਾ ਜਾਂਦਾ ਹੈ?**

ਉੱਤਰ - ਨਾਨਕਾ ਮੇਲ ਵਿਆਂਹਦੜ ਦੀ ਮਾਂ ਦੇ ਮਾਪਿਆਂ ਨਾਲ ਸੰਬੰਧਿਤ ਨਾਨਾ, ਨਾਨੀ, ਮਾਮਾ, ਮਾਮੀ ਤੇ ਹੋਰ ਰਿਸ਼ਤੇਦਾਰਾਂ ਦੇ ਇਕੱਠ ਨੂੰ ਕਿਹਾ ਜਾਂਦਾ ਹੈ। ਨਾਨਕਾ ਮੇਲ ਦਾ ਸੁਆਗਤ ਵਿਆਹ ਵਾਲ਼ੇ ਘਰ ਦੀਆਂ ਔਰਤਾਂ ਦੁਆਰਾ ਗੀਤ ਗਾ ਕੇ ਕੀਤਾ ਜਾਂਦਾ ਹੈ।

**ਪ੍ਰਸ਼ਨ ੲ. ਮਾਈਏਂ ਪਾਉਣ ਦੀ ਰਸਮ ਕੀ ਹੁੰਦੀ ਹੈ?**

ਉੱਤਰ : ਵਿਆਂਹਦੜ ਦਾ ਪਿੰਡਾ ਨਿਖਾਰਨ ਲਈ ਹਲਦੀ, ਤੇਲ ਤੇ ਵੇਸਣ ਦੇ ਮਿਸ਼ਰਨ ਦਾ ਵਟਣਾ ਤਿਆਰ ਕਰ ਕੇ ਉਸ ਦੇ ਪਿੰਡੇ ਮਲਣ ਨੂੰ ਮਾਈਏਂ ਦੀ ਰਸਮ ਕਿਹਾ ਜਾਂਦਾ ਹੈ।

**ਪ੍ਰਸ਼ਨ ਸ. ਜਾਗੋ ਕਿਵੇਂ ਤਿਆਰ ਕਰ ਕੇ ਕੱਢੀ ਜਾਂਦੀ ਹੈ?**

ਉੱਤਰ : ਇਕ ਗਾਗਰ ਵਿਚ ਥੋੜ੍ਹਾ ਜਿਹਾ ਪਾਣੀ ਭਰ ਕੇ ਉਸ ਦੇ ਗਲਮੇ ਉੱਪਰ ਚੁਫ਼ੇਰੇ ਗੁੰਨਿਆ ਹੋਇਆ ਆਟਾ ਲਾ ਕੇ ਉੱਤੇ ਥਾਲੀ ਟਿਕਾ ਕੇ ਉਸ ਉੱਪਰ ਦੀਵੇ ਜਗਾ ਕੇ ਟਿਕਾਏ ਜਾਂਦੇ ਹਨ। ਮਾਮੀ ਗਾਗਰ ਨੂੰ ਸਿਰ ਉੱਤੇ ਚੁੱਕਦੀ ਹੈ ਤੇ ਬਾਕੀ ਔਰਤਾਂ ਬੜੇ ਜੋਸ਼ ਨਾਲ ਗਿੱਧਾ ਪਾ ਕੇ ਨੱਚਣ ਲੱਗ ਪੈਂਦੀਆਂ ਹਨ ਤੇ ਸ਼ਰਮਸਤੀ ਕਰਦੀਆਂ ਹਨ, ਪਰ ਕੋਈ ਬੁਰਾ ਨਹੀਂ ਮਨਾਉਂਦਾ।

**ਪ੍ਰਸ਼ਨ ਕ. ਔਰਤਾਂ ਜਾਗੋ ਦਾ ਪ੍ਰਦਰਸ਼ਨ ਕਿਵੇਂ ਕਰਦੀਆਂ ਹਨ?**

ਉੱਤਰ : ਔਰਤਾਂ ਸਿਰ ਉੱਤੇ ਗਾਗਰ ਰੱਖ ਕੇ ਪਿੰਡ ਦੀਆਂ ਹਨੇਰੀਆਂ ਗਲੀਆਂ ਵਿਚੋਂ ਲੰਘਦੀਆਂ ਹਨ ਅਤੇ ਜਿੱਥੇ ਕਿਤੇ ਥਾਂ ਮਿਲਦੀ ਹੈ, ਉੱਥੇ ਹੀ ਉਹ ਬੜੇ ਜੋਸ਼ ਨਾਲ ਗਿੱਧਾ ਪਾ ਕੇ ਨੱਚਣ ਲੱਗ ਪੈਂਦੀਆਂ ਹਨ। ਪਿੰਡ ਵਿਚੋਂ ਲੰਘਦੀਆਂ ਹੋਈਆਂ ਉਹ ਕਿਸੇ ਦੇ ਘਰ ਦਾ ਓਟਾ, ਕਿਸੇ ਦੇ ਕੋਠੇ ਦਾ ਪਰਨਾਲਾ, ਕਿਸੇ ਦੀ ਖੁਰਲੀ ਤੇ ਕਿਸੇ ਦਾ ਚੁੱਲ੍ਹਾ ਢਾਹ ਦਿੰਦੀਆਂ ਹਨ, ਪਰ ਕੋਈ ਇਤਰਾਜ਼ ਨਹੀਂ ਕਰਦਾ।

**ਪ੍ਰਸ਼ਨ ਖ. ਜਾਗੋ ਕੱਢਣ ਸਮੇਂ ਔਰਤਾਂ ਮਸਤੀ ਕਿਵੇਂ ਕਰਦੀਆਂ ਹਨ?**

ਉੱਤਰ : ਜਾਗੋ ਕੱਢਣ ਵਾਲੀਆਂ ਔਰਤਾਂ ਪਿੰਡ ਦੀਆਂ ਗਲੀਆਂ ਵਿਚੋਂ ਲੰਘਦੀਆਂ ਹੋਈਆਂ ਕਿਸੇ ਦੇ ਘਰ ਦਾ ਓਟਾ, ਕਿਸੇ ਦੇ ਕੋਠੇ ਦਾ ਪਰਨਾਲਾ, ਕਿਸੇ ਦੀ ਖੁਰਲੀ ਤੇ ਕਿਸੇ ਦਾ ਚੁੱਲ੍ਹਾ ਢਾਹੁਣ ਦੀ ਮਸਤੀ ਕਰਦੀਆਂ ਹਨ।

**ਪ੍ਰਸ਼ਨ ਗ. ਜਾਗੋ ਦੀ ਇਸ ਰਸਮ ਦਾ ਇਹ ਨਾਂ ਕਿਵੇਂ ਪਿਆ?**

ਉੱਤਰ : ਵਿਆਹ ਤੋਂ ਇੱਕ ਦਿਨ ਪਹਿਲਾਂ ਲਾੜੇ ਜਾਂ ਲਾੜੀ ਨੂੰ ਮਹਿੰਦੀ ਲਾਈ ਜਾਂਦੀ ਸੀ ਤੇ ਔਰਤਾਂ ਸਾਰੀ-ਸਾਰੀ ਰਾਤ ਗੀਤ ਗਾਉਂਦੀਆਂ ਰਹਿੰਦੀਆਂ ਸਨ। ਇਹ ਜਾਗਣ ਦੀ ਰਸਮ ਹੀ ਜਾਗੋ ਦੇ ਨਾਂ ਨਾਲ ਪ੍ਰਚਲਿਤ ਹੋਈ।

## 2. ਹੇਠ ਲਿਖੇ ਸ਼ਬਦਾਂ ਨੂੰ ਵਾਕਾਂ ਵਿਚ ਵਰਤੋਂ :-

1. **ਚਾਈਂ-ਚਾਈਂ (ਚਾਅ ਨਾਲ ਭਰ ਕੇ)-** ਬੱਚੇ ਚਾਈਂ-ਚਾਈਂ ਜਾਗੋ ਦੇਖਣ ਗਏ।
2. **ਨਾਨਕਾ-ਮੇਲ (ਨਾਨਕਿਆਂ ਨਾਲ ਸੰਬੰਧਿਤ ਲੋਕ)-** ਨਾਨਕਾ-ਮੇਲ ਨੇ ਵਿਆਹ ਵਿੱਚ ਖ਼ੂਬ ਰੌਣਕਾਂ ਲਾਈਆਂ।
3. **ਮੁਖੀਆ (ਮੁਖੀ)-** ਪਰਿਵਾਰ ਦੇ ਮੁਖੀਏ 'ਤੇ ਬਹੁਤ ਜ਼ਿੰਮੇਵਾਰੀ ਹੁੰਦੀ ਹੈ।
4. **ਨੇਪਰੇ ਚਾੜ੍ਹਨਾ (ਸਿਰੇ ਚਾੜ੍ਹਨਾ)-** ਮੈਂ ਹਮੇਸ਼ਾਂ ਮਿਲਿਆ ਕੰਮ ਨੇਪਰੇ ਚਾੜ੍ਹ ਕੇ ਹੀ ਸਾਹ ਲੈਂਦਾ ਹਾਂ।
5. **ਪਹਿਲ-ਕਦਮੀ (ਕੰਮ ਕਰਨ ਵਿਚ ਪਹਿਲ ਕਰਨੀ)-** ਸਾਨੂੰ ਨੇਕ ਕੰਮ ਕਰਨ ਵਿੱਚ ਹਮੇਸ਼ਾਂ ਪਹਿਲ-ਕਦਮੀ ਕਰਨੀ ਚਾਹੀਦੀ ਹੈ।
6. **ਸੂਚਕ (ਸੂਚਨਾ ਦੇਣ ਵਾਲਾ)-** ਗੱਡੀ ਦੇ ਡਿਪਰ ਗੱਡੀ ਮੁੜਣ ਦੇ ਸੂਚਕ ਦਾ ਕੰਮ ਕਰਦੇ ਹਨ।
7. **ਨਿਹੋਰੇ (ਗਿਲੇ)-** ਵਿਆਹ ਮੌਕੇ ਨਾਨਕਿਆਂ-ਦਾਦਕਿਆਂ ਦੇ ਗੀਤ ਇੱਕ-ਦੂਜੇ ਦੇ ਵਿਹਾਰ ਪ੍ਰਤੀ ਨਿਹੋਰਿਆਂ ਨਾਲ ਭਰੇ ਹੁੰਦੇ ਹਨ।
8. **ਦੂਣ-ਸਵਾਇਆ (ਬਹੁਤਾ)-** ਸਰਕਾਰਾਂ ਦੇ ਧੱਕੇ ਲੋਕਾਂ ਵਿਚਲੀ ਏਕਤਾ ਨੂੰ ਦੂਣ-ਸਵਾਇਆ ਕਰ ਦਿੰਦੇ ਹਨ।

## 3. ਹੇਠ ਲਿਖੇ ਸ਼ਬਦਾਂ ਨਾਲ ਪਿਛੇਤਰ ਜਾਂ ਸ਼ਬਦਾਂਸ਼ ਲਾ ਕੇ ਨਵੇਂ ਸ਼ਬਦ ਬਣਾਓ :

ਨਾਨਕ : ਨਾਨਕੇ-ਦਾਦਕੇ/ ਨਾਨਕਿਆਂ

**ਤਿਆਰ ਕਰਤਾ**
**ਗੁਰਪ੍ਰੀਤ ਸਿੰਘ ਰੂਪਰਾ, ਪੰਜਾਬੀ ਮਾਸਟਰ, 9855800683**
**ਸਮਿਸ ਪੱਖੀ ਖੁਰਦ, ਫ਼ਰੀਦਕੋਟ, roopra.gurpreet@gmail.com**

| | | |
|---|---|---|
| ਪੇਕੇ | : | ਪੇਕੇ-ਸਹੁਰੇ/ ਪੇਕਿਓਂ |
| ਮਖੌਲ | : | ਹਾਸਾ-ਮਜ਼ਾਕ/ ਮਜ਼ਾਕੀਆ |
| ਦੀਵਾ | : | ਦੀਵਾ-ਬੱਤੀ/ ਦੀਵੇ |
| ਹਨੇਰੀ | : | ਹਨੇਰੀ-ਮੀਂਹ/ ਹਨੇਰੀਆਂ |
| ਘਰ | : | ਘਰ-ਬਾਰ/ ਘਰੇਲੂ |
| ਭਾਵ | : | ਭਾਈ-ਬੰਦੀ/ ਭਾਈਆਣੀ |

**4. ਹੇਠ ਲਿਖੇ ਪੈਰੇ ਨੂੰ ਧਿਆਨ ਨਾਲ਼ ਪੜ੍ਹ ਕੇ ਦਿੱਤੇ ਪ੍ਰਸ਼ਨਾਂ ਦੇ ਸਹੀ ਉੱਤਰ ਦਿਓ:**

ਜਾਗੋ ਬਾਰੇ ਭਾਵੇਂ ਅਸੀਂ ਕਾਫ਼ੀ ਕੁੱਝ ਜਾਣ ਚੁੱਕੇ ਸਾਂ ਪਰ ਗਾਗਰ ਵਿੱਚ ਪਾਣੀ ਪਾ ਕੇ ਦੀਵੇ ਜਗਾਉਣਾ ਸਾਡੇ ਲਈ ਹਾਲੇ ਵੀ ਬੁਝਾਰਤ ਬਣਿਆ ਹੋਇਆ ਸੀ। ਤਦ ਮਾਤਾ ਜੀ ਨੇ ਦੱਸਿਆ, "ਰਾਜੂ ਬੇਟੇ! ਗਾਗਰ ਨੂੰ ਕਾਇਆਂ ਦਾ, ਦੀਵੇ ਨੂੰ ਚਾਨਣ ਦਾ ਅਤੇ ਪਾਣੀ ਨੂੰ ਪਵਿੱਤਰ ਸ਼ਕਤੀ ਦਾ ਰੂਪ ਮੰਨਿਆ ਜਾਂਦਾ ਹੈ ਅਤੇ ਇਹਨਾਂ ਤਿੰਨਾਂ ਦਾ ਸੁਮੇਲ ਰੱਬੀ ਸ਼ਕਤੀ ਦਾ ਰੂਪ ਸਮਝਿਆ ਜਾਂਦਾ ਹੈ। ਇਸ ਰਸਮ ਦਾ ਨਾਂ ਜਾਗੋ ਇਸ ਲਈ ਪਿਆ ਕਿਉਂਕਿ ਵਿਆਹ ਤੋਂ ਇੱਕ ਦਿਨ ਪਹਿਲਾਂ ਜਦੋਂ ਵਿਆਹ ਵਾਲ਼ੇ ਮੁੰਡੇ/ਕੁੜੀ ਨੂੰ ਮਹਿੰਦੀ ਲਾਈ ਜਾਂਦੀ ਸੀ ਤਾਂ ਔਰਤਾਂ ਗੀਤ ਗਾਉਂਦੀਆਂ ਹੋਈਆਂ ਸਾਰੀ-ਸਾਰੀ ਰਾਤ ਜਾਗਦੀਆਂ ਸਨ। ਇਹ ਜਾਗਣ ਦੀ ਰਸਮ ਹੀ ਜਾਗੋ ਦੇ ਨਾਂ ਨਾਲ਼ ਪ੍ਰਚਲਿਤ ਹੋਈ। ਵਿਆਹ ਦੇ ਮੌਕੇ ਨਾਨਕਿਆਂ ਅਤੇ ਦਾਦਕਿਆਂ ਦੇ ਪਰਿਵਾਰ ਇਕੱਠੇ ਹੋਣ ਦਾ ਪ੍ਰਮਾਣ ਵੀ ਦਿੰਦੇ ਹਨ। ਵਿਆਹ ਵੇਲ਼ੇ ਜਾਗੋ ਕੱਢਣੀ ਚਾਵਾਂ ਨੂੰ ਦੂਣ-ਸਵਾਇਆ ਕਰਦੀ ਹੈ। ਉਸ ਵੇਲ਼ੇ ਹਾਸੇ ਅਤੇ ਖ਼ੁਸ਼ੀਆਂ ਵੰਡਦੀਆਂ ਮੁਟਿਆਰਾਂ ਅਤੇ ਤ੍ਰੀਮਤਾਂ ਬੋਲੀਆਂ ਪਾ ਕੇ ਆਪਣੇ ਮਨ ਦੀਆਂ ਭਾਵਨਾਵਾਂ ਪ੍ਰਗਟ ਕਰਦੀਆਂ ਹਨ।

**1. ਕਿੰਨ੍ਹਾ ਚੀਜ਼ਾਂ ਦੇ ਸੁਮੇਲ ਨੂੰ ਰੱਬੀ ਸ਼ਕਤੀ ਦਾ ਰੂਪ ਸਮਝਿਆ ਜਾਂਦਾ ਹੈ?**

ੳ. ਗਾਗਰ  ਅ. ਦੀਵੇ  ੲ. ਪਾਣੀ  ਸ. ਉਕਤ ਸਾਰੇ

**2. ਕਾਇਆਂ ਦਾ ਰੂਪ ਕਿਸ ਨੂੰ ਕਿਹਾ ਗਿਆ ਹੈ?**

ੳ. ਚਾਨਣ ਨੂੰ  ਅ. ਗਾਗਰ ਨੂੰ  ੲ. ਪਾਣੀ ਨੂੰ  ਸ. ਉਕਤ ਸਾਰੇ

**3. ਬੱਚਿਆਂ ਲਈ ਕੀ ਬੁਝਾਰਤ ਬਣਿਆ ਹੋਇਆ ਸੀ?**

ੳ. ਗਾਗਰ ਵਿੱਚ ਪਾਣੀ ਪਾਉਣਾ  ਅ. ਦੀਵੇ ਜਗਾਉਣਾ

ੲ. ਉਕਤ ਦੋਨੋਂ  ਸ.ਉਕਤ ਦੋਨਾਂ ਚੋਂ ਕੋਈ ਨਹੀਂ

**4. ਵਿਆਹ ਦੇ ਮੌਕੇ ਕਿਹੜੇ ਪਰਿਵਾਰ ਇਕੱਠੇ ਹੋਣ ਦਾ ਪ੍ਰਮਾਣ ਦਿੰਦੇ ਹਨ?**

ੳ. ਨਾਨਕੇ  ਅ. ਦਾਦਕੇ  ੲ. ਉਕਤ ਦੋਨੋਂ  ਸ. ਕੋਈ ਨਹੀਂ

**5. ਮੁਟਿਆਰਾਂ ਅਤੇ ਤ੍ਰੀਮਤਾਂ ਕਿਵੇਂ ਆਪਣੇ ਮਨ ਦੀਆਂ ਭਾਵਨਾਵਾਂ ਪ੍ਰਗਟ ਕਰਦੀਆਂ ਹਨ?**

ੳ. ਸਾਰੀ ਰਾਤ ਜਾਗ ਕੇ  ਅ. ਮਹਿੰਦੀ ਲਾ ਕੇ

ੲ. ਬੋਲੀਆਂ ਪਾ ਕੇ  ਸ. ਉਕਤ ਚੋਂ ਕੋਈ ਨਹੀਂ

**6. 'ਅੰਗ-ਸਾਕ' ਸ਼ਬਦ ਦਾ ਅਰਥ ਦੱਸੋ।**

**7. ਜਾਗਣ ਵਾਲੀ ਰਸਮ _________ ਦੇ ਨਾਂ ਨਾਲ਼ ਪ੍ਰਚਲਿਤ ਹੋਈ ।**

**8. 'ਦੂਣ-ਸਵਾਇਆ' ਸ਼ਬਦ ਦਾ ਵਾਕ ਬਣਾਓ।**

**9. ਔਰਤਾਂ ਜਾਗੋ ਦਾ ਪ੍ਰਦਰਸ਼ਨ ਕਿਵੇਂ ਕਰਦੀਆਂ ਹਨ?**

**10. ਜਾਗੋ ਦੀ ਇਸ ਰਸਮ ਦਾ ਇਹ ਨਾਂ ਕਿਵੇਂ ਪਿਆ?**

**ਉੱਤਰ ਕੁੰਜੀ-**

1. ਸ. ਉਕਤ ਸਾਰੇ  2. ਅ. ਗਾਗਰ ਨੂੰ  3. ੲ. ਉਕਤ ਦੋਨੋਂ  4. ੲ. ਉਕਤ ਦੋਨੋਂ  5. ੲ. ਬੋਲੀਆਂ ਪਾ ਕੇ

6. ਰਿਸ਼ਤੇਦਾਰ  7. ਜਾਗੋ  8. ਵਿਆਹ ਵੇਲ਼ੇ ਜਾਗੋ ਕੱਢਣੀ ਚਾਵਾਂ ਨੂੰ ਦੂਣ-ਸਵਾਇਆ ਕਰਦੀ ਹੈ।

**ਤਿਆਰ ਕਰਤਾ**
**ਗੁਰਪ੍ਰੀਤ ਸਿੰਘ ਰੂਪਰਾ, ਪੰਜਾਬੀ ਮਾਸਟਰ, 9855800683**
**ਸਮਿਸ ਪੱਖੀ ਖੁਰਦ, ਫ਼ਰੀਦਕੋਟ, roopra.gurpreet@gmail.com**

9. ਔਰਤਾਂ ਸਿਰ ਉੱਤੇ ਗਾਗਰ ਰੱਖ ਕੇ ਪਿੰਡ ਦੀਆਂ ਹਨੇਰੀਆਂ ਗਲੀਆਂ ਵਿਚੋਂ ਲੰਘਦੀਆਂ ਹਨ ਅਤੇ ਜਿੱਥੇ ਕਿਤੇ ਥਾਂ ਮਿਲਦੀ ਹੈ, ਉੱਥੇ ਹੀ ਉਹ ਬੜੇ ਜੋਸ਼ ਨਾਲ ਗਿੱਧਾ ਪਾ ਕੇ ਨੱਚਣ ਲੱਗ ਪੈਂਦੀਆਂ ਹਨ। ਪਿੰਡ ਵਿਚੋਂ ਲੰਘਦੀਆਂ ਹੋਈਆਂ ਉਹ ਕਿਸੇ ਦੇ ਘਰ ਦਾ ਓਟਾ, ਕਿਸੇ ਦੇ ਕੋਠੇ ਦਾ ਪਰਨਾਲਾ, ਕਿਸੇ ਦੀ ਖੁਰਲੀ ਤੇ ਕਿਸੇ ਦਾ ਚੁੱਲ੍ਹਾ ਢਾਹ ਦਿੰਦੀਆਂ ਹਨ, ਪਰ ਕੋਈ ਇਤਰਾਜ਼ ਨਹੀਂ ਕਰਦਾ।

10. ਵਿਆਹ ਤੋਂ ਇੱਕ ਦਿਨ ਪਹਿਲਾਂ ਲਾੜੇ ਜਾਂ ਲਾੜੀ ਨੂੰ ਮਹਿੰਦੀ ਲਾਈ ਜਾਂਦੀ ਸੀ ਤੇ ਔਰਤਾਂ ਸਾਰੀ-ਸਾਰੀ ਰਾਤ ਗੀਤ ਗਾਉਂਦੀਆਂ ਰਹਿੰਦੀਆਂ ਸਨ। ਇਹ ਜਾਗਣ ਦੀ ਰਸਮ ਹੀ ਜਾਗੋ ਦੇ ਨਾਂ ਨਾਲ ਪ੍ਰਚਲਿਤ ਹੋਈ।

**5. ਹੇਠ ਲਿਖੇ ਪੈਰੇ ਨੂੰ ਧਿਆਨ ਨਾਲ਼ ਪੜ੍ਹ ਕੇ ਦਿੱਤੇ ਪ੍ਰਸ਼ਨਾਂ ਦੇ ਸਹੀ ਉੱਤਰ ਦਿਓ:**

ਮਾਤਾ ਜੀ ਨੇ ਦੱਸਿਆ ਕਿ ਇਸ ਸਮੇਂ ਇੱਕ ਤਾਂ ਮਾਮੇ ਨੇ ਲਾੜੇ ਜਾਂ ਲਾੜੀ ਨੂੰ ਖਾਰੇ ਚਾੜ੍ਹਨਾ ਹੁੰਦਾ ਹੈ। ਦੂਜਾ, ਵਿਆਹ ਦੀਆਂ ਕਈ ਰਸਮਾਂ ਸਮੇਂ ਮਾਮੇ-ਮਾਮੀ ਜਾਂ ਨਾਨੇ-ਨਾਨੀ ਦੀ ਲੋੜ ਹੁੰਦੀ ਹੈ ਇਸ ਲਈ ਨਾਨਕਿਆਂ ਪ੍ਰਤਿ ਨਿਹੋਰੇ ਵਾਲ਼ੇ ਗੀਤ ਗਾਏ ਜਾਂਦੇ ਹਨ। ਮੈਂ ਅਤੇ ਮੇਰੀ ਭੈਣ ਨਿੱਕੀ ਨੇ ਖਾਰੇ ਚੜ੍ਹਨ ਦੀ ਰਸਮ ਨੂੰ ਵੀ ਬੜੇ ਧਿਆਨ ਅਤੇ ਚਾਅ ਨਾਲ਼ ਵੇਖਿਆ। ਮੇਰੇ ਮਾਤਾ ਜੀ ਨੇ ਦੱਸਿਆ ਕਿ ਕੁੱਝ ਦਿਨ ਪਹਿਲਾਂ ਵਿਆਹ ਵਾਲ਼ੇ ਮੁੰਡੇ ਨੂੰ ਮਾਈਏਂ ਪਾਉਣ ਦੀ ਰਸਮ ਵੇਲ਼ੇ ਉਸ ਦੇ ਪਿੰਡ 'ਤੇ ਹਲਦੀ, ਤੇਲ ਅਤੇ ਵੇਸਣ ਦੇ ਮਿਸ਼ਰਨ ਦਾ ਵਟਣਾ ਮਲ਼ਿਆ ਗਿਆ ਸੀ ਕਿਉਂਕਿ ਇੱਕ ਤਾਂ ਹਲਦੀ, ਤੇਲ ਅਤੇ ਵੇਸਣ ਦਾ ਮਿਸ਼ਰਨ ਪਿੰਡੇ ਉੱਪਰ ਮਲ਼ ਕੇ ਨ੍ਹਾਉਣ ਨਾਲ਼ ਪਿੰਡਾ ਨਿੱਖਰ ਆਉਂਦਾ ਹੈ। ਦੂਜਾ,ਵਿਆਹ ਵਾਲ਼ੇ ਮੁੰਡੇ ਜਾਂ ਕੁੜੀ ਨੂੰ ਵਿਆਹ ਦੇ ਅਤਿ ਨੇੜਲੇ ਦਿਨਾਂ ਵਿੱਚ ਘਰੋਂ ਬਾਹਰ ਜਾਣ ਤੋਂ ਰੋਕਿਆ ਜਾਂਦਾ ਹੈ। ਖਾਰੇ ਦੀ ਰਸਮ ਸਮੇਂ ਵਿਆਹ ਵਾਲ਼ੇ ਮੁੰਡੇ ਨੂੰ ਪਟੜੀ 'ਤੇ ਬਿਠਾ ਕੇ ਦਹੀਂ ਨਾਲ ਨੁਹਾਇਆ ਗਿਆ। ਨੁਹਾਉਣ ਸਮੇਂ ਕੁੱਝ ਔਰਤਾਂ ਨੇ ਸਿਰ ਤੋਂ ਉੱਚੀ ਫੁਲਕਾਰੀ ਤਾਣ ਲਈ ਅਤੇ ਨਾਨਕਿਆਂ ਨੂੰ ਸੰਬੋਧਿਤ ਗੀਤ ਗਾਏ।

**1. ਇਸ ਪਾਠ ਵਿੱਚ ਵਟਨਾ ਕਿੰਨ੍ਹਾ ਚੀਜ਼ਾਂ ਦਾ ਮਿਸ਼ਰਨ ਸੀ?**

ੳ. ਵੇਸਣ ਅ. ਹਲਦੀ ੲ. ਤੇਲ ਸ. ਉਕਤ ਸਾਰੇ

**2. ਲਾੜਾ ਜਾਂ ਲਾੜੀ ਨੂੰ ਖਾਰੇ ਚਾੜ੍ਹਨ ਸਮੇਂ ਨਾਨਕਿਆਂ ਵਿੱਚੋਂ ਕਿਸ ਦੀ ਲੋੜ ਹੁੰਦੀ ਹੈ?**

ੳ. ਮਾਮਾ ਅ. ਮਾਮੀ ੲ. ਨਾਨਾ ਸ. ਨਾਨੀ

**3. ਖਾਰੇ ਦੀ ਰਸਮ ਵੇਲੇ ਵਿਆਹ ਵਾਲ਼ੇ ਮੁੰਡੇ ਨੂੰ ਕਿਸ ਚੀਜ਼ ਨਾਲ਼ ਨੁਹਾਇਆ ਜਾਂਦਾ ਹੈ?**

ੳ. ਵੇਸਣ ਨਾਲ਼ ਅ. ਹਲਦੀ ਨਾਲ਼ ੲ. ਦਹੀਂ ਨਾਲ਼ ਸ. ਤੇਲ ਨਾਲ਼

**4. ਖਾਰੇ ਚਾੜ੍ਹਨ ਦੀ ਰਸਮ ਨੂੰ ਕਿਸ ਨੇ ਬੜੇ ਧਿਆਨ ਅਤੇ ਚਾਅ ਨਾਲ਼ ਵੇਖਿਆ?**

ੳ. ਮਾਮਾ-ਮਾਮੀ ਅ. ਨਾਨਾ-ਨਾਨੀ ੲ. ਮਾਤਾ -ਪਿਤਾ ਸ. ਭੈਣ-ਭਰਾ

**5. ਵਿਆਹ ਦੇ ਨੇੜਲੇ ਦਿਨਾਂ ਵਿੱਚ ਕਿਸ ਨੂੰ ਘਰ ਤੋਂ ਬਾਹਰ ਜਾਣ ਤੋਂ ਰੋਕਿਆ ਜਾਂਦਾ ਹੈ?**

ੳ. ਵਿਆਹ ਵਾਲ਼ੇ ਮੁੰਡੇ ਨੂੰ ਅ. ਵਿਆਹ ਵਾਲੀ ਕੁੜੀ ਨੂੰ

ੲ. ੳ ਅਤੇ ਅ ਦੋਵਾਂ ਨੂੰ ਸ. ਨਾਨਕਿਆਂ ਨੂੰ

**6. ਮਾਮੇ-ਮਾਮੀ, ਨਾਨਾ-ਨਾਨੀ ਵਿਚਕਾਰ ਲੱਗੇ ਚਿੰਨ੍ਹ ਨੂੰ ਕੀ ਆਖਦੇ ਹਨ?**

ੳ. ਸਮਾਸ ਚਿੰਨ੍ਹ ਅ. ਪ੍ਰਸ਼ਨ ਚਿੰਨ੍ਹ ੲ. ਦੁਬਿੰਦੀ ਚਿੰਨ੍ਹ ਸ. ਦੁਬਿੰਦੀ ਡੈਸ਼

**7. ਹੇਠ ਲਿਖੇ ਸ਼ਬਦਾਂ ਦਾ ਮਿਲਾਨ ਕਰੋ-**

| | |
|---|---|
| 1. ਭਰਾ | ੳ. ਨਾਨੀ |
| 2. ਮਾਮਾ | ਅ. ਪਿਤਾ |
| 3. ਨਾਨਾ | ੲ. ਭੈਣ |
| 4. ਮਾਤਾ | ਸ. ਮਾਮੀ |

**8. 'ਮਿਸ਼ਰਨ' ਸ਼ਬਦ ਦਾ ਵਾਕ ਬਣਾਓ।**

**9. ਮਾਈਏਂ ਪਾਉਣ ਦੀ ਰਸਮ ਕੀ ਹੁੰਦੀ ਹੈ?**

**10. ਜਾਗੋ ਕੱਢਣ ਸਮੇਂ ਔਰਤਾਂ ਮਸਤੀ ਕਿਵੇਂ ਕਰਦੀਆਂ ਹਨ?**

**ਉੱਤਰ ਕੁੰਜੀ :-**

1. ਸ. ਉਕਤ ਸਾਰੇ
2. ੳ. ਮਾਮਾ

**ਤਿਆਰ ਕਰਤਾ**
**ਗੁਰਪ੍ਰੀਤ ਸਿੰਘ ਰੂਪਰਾ, ਪੰਜਾਬੀ ਮਾਸਟਰ, 9855800683**
**ਸਮਿਸ ਪੱਖੀ ਖੁਰਦ, ਫ਼ਰੀਦਕੋਟ, roopra.gurpreet@gmail.com**


3. ੲ. ਦਹੀਂ ਨਾਲ਼
4. ਸ. ਭੈਣ-ਭਰਾ
5. ੳ. ਅਤੇ ਅ ਦੋਵਾਂ ਨੂੰ
6. ੳ. ਸਮਾਸ ਚਿੰਨ੍ਹ
7. ਸਹੀ ਮਿਲਾਨ- ਭੈਣ-ਭਰਾ, ਮਾਮਾ-ਮਾਮੀ, ਨਾਨਾ-ਨਾਨੀ, ਮਾਤਾ-ਪਿਤਾ
8. ਵਟਨਾ ਤਿੰਨ ਚੀਜਾਂ ਤੇਲ, ਹਲਦੀ ਤੇ ਵੇਸਣ ਦਾ ਮਿਸ਼ਰਨ ਸੀ।
9. ਵਿਆਂਹਦੜ ਦਾ ਪਿੰਡਾ ਨਿਖਾਰਨ ਲਈ ਹਲਦੀ, ਤੇਲ ਤੇ ਵੇਸਣ ਦੇ ਮਿਸ਼ਰਨ ਦਾ ਵਟਣਾ ਤਿਆਰ ਕਰ ਕੇ ਉਸ ਦੇ ਪਿੰਡੇ ਮਲਣ ਨੂੰ ਮਾਈਏਂ ਦੀ ਰਸਮ ਕਿਹਾ ਜਾਂਦਾ ਹੈ।
10. ਜਾਗੋ ਕੱਢਣ ਵਾਲੀਆਂ ਔਰਤਾਂ ਪਿੰਡ ਦੀਆਂ ਗਲੀਆਂ ਵਿਚੋਂ ਲੰਘਦੀਆਂ ਹੋਈਆਂ ਕਿਸੇ ਦੇ ਘਰ ਦਾ ਓਟਾ, ਕਿਸੇ ਦੇ ਕੋਠੇ ਦਾ ਪਰਨਾਲਾ, ਕਿਸੇ ਦੀ ਖੁਰਲੀ ਤੇ ਕਿਸੇ ਦਾ ਚੁੱਲ੍ਹਾ ਢਾਹੁਣ ਦੀ ਮਸਤੀ ਕਰਦੀਆਂ ਹਨ।

**ਤਿਆਰ ਕਰਤਾ**
**ਗੁਰਪ੍ਰੀਤ ਸਿੰਘ ਰੂਪਰਾ, ਪੰਜਾਬੀ ਮਾਸਟਰ, 9855800683**
**ਸਮਿਸ ਪੱਖੀ ਖੁਰਦ, ਫ਼ਰੀਦਕੋਟ, roopra.gurpreet@gmail.com**

## ਪਾਠ-25

## ਕਿਰਤ ਦਾ ਸਤਿਕਾਰ (ਲੇਖਕ- ਡਾ. ਹਰਚਰਨ ਸਿੰਘ)

### 1. ਪ੍ਰਸ਼ਨ/ ਉੱਤਰ



**ਪ੍ਰਸ਼ਨ ੳ. 'ਕਿਰਤ ਦਾ ਸਤਿਕਾਰ' ਇਕਾਂਗੀ ਵਿਚ ਕਿਹੜੇ-ਕਿਹੜੇ ਪਾਤਰ ਹਨ ਅਤੇ ਕਿਹੜੇ ਪਾਤਰ ਦੁਆਲ਼ੇ ਸਾਰੀ ਕਹਾਣੀ ਘੁੰਮਦੀ ਹੈ?**

ਉੱਤਰ: ਕਿਰਤ ਦਾ ਸਤਿਕਾਰ ' ਇਕਾਂਗੀ ਵਿੱਚ ਕੇਸਰ, ਇਸਤਰੀ, ਸੇਠ, ਕ੍ਰਿਸ਼ਨ, ਅਧਿਆਪਕ, ਸਕੂਲ ਦੇ ਲੜਕੇ ਪਾਤਰ ਹਨ। ਇਕਾਂਗੀ ਦੀ ਸਾਰੀ ਕਹਾਣੀ ਬੂਟ ਪਾਲਿਸ਼ ਕਰਨ ਵਾਲੇ ਲੜਕੇ ਕ੍ਰਿਸ਼ਨ ਦੁਆਲੇ ਘੁੰਮਦੀ ਹੈ।

**ਪ੍ਰਸ਼ਨ ਅ. ਕ੍ਰਿਸ਼ਨ ਕਿਹੋ-ਜਿਹਾ ਲੜਕਾ ਹੈ? ਉਹ ਬੂਟ ਪਾਲਿਸ਼ ਕਿਉਂ ਕਰਦਾ ਹੈ?**

ਉੱਤਰ : ਕ੍ਰਿਸ਼ਨ ਕਿਰਤੀ, ਮਿਹਨਤੀ, ਹੁਸ਼ਿਆਰ ਤੇ ਝੂਠ ਨਾ ਬੋਲਣ ਵਾਲਾ ਲੜਕਾ ਹੈ। ਉਹ ਆਪਣੀ ਪੜ੍ਹਾਈ ਦਾ ਖ਼ਰਚ ਪੂਰਾ ਕਰਨ ਲਈ ਬੂਟ ਪਾਲਿਸ਼ ਕਰਦਾ ਹੈ ।

**ਪ੍ਰਸ਼ਨ ੲ. ਸੇਠ ਨੇ ਕ੍ਰਿਸ਼ਨ ਨੂੰ ਕਿਉਂ ਮਾਰਿਆ?**

ਉੱਤਰ : ਕ੍ਰਿਸ਼ਨ ਸੇਠ ਤੋਂ ਆਪਣੀ ਮਿਹਨਤ ਦਾ ਮੁੱਲ ਮੰਗਦਾ ਹੋਇਆ ਉਸ ਨਾਲ ਜ਼ਰਾ ਔਖਾ ਬੋਲ ਪਿਆ, ਤਾਂ ਸੇਠ ਨੇ ਗੁੱਸੇ ਵਿੱਚ ਉਸ ਨੂੰ ਡੰਡੇ ਨਾਲ ਮਾਰਿਆ।

**ਪ੍ਰਸ਼ਨ ਸ. ਪੰਚਾਂ ਨੇ ਸੇਠ ਨੂੰ ਕੀ ਦੰਡ ਲਾਇਆ?**

ਉੱਤਰ : ਪੰਚਾਂ ਨੇ ਸੇਠ ਨੂੰ ਕ੍ਰਿਸ਼ਨ ਦੀ ਸਾਲ ਭਰ ਦੀ ਪੜ੍ਹਾਈ ਦੇ ਖ਼ਰਚ ਵਜੋਂ ਡੇਢ ਸੌ ਰੁਪਏ ਦੰਡ ਲਾਇਆ।

**ਪ੍ਰਸ਼ਨ ਹ. ਸੇਠ ਦੇ ਰੁਪਇਆਂ ਦਾ ਕੀ ਕੀਤਾ ਗਿਆ?**

ਉੱਤਰ : ਜਦੋਂ ਸੇਠ ਦੇ ਰੁਪਏ ਕ੍ਰਿਸ਼ਨ ਨੇ ਨਾ ਲਏ, ਤਾਂ ਕੇਸਰ ਦੇ ਕਹਿਣ 'ਤੇ ਉਹ ਰੁਪਏ ਮਾਸਟਰ ਜੀ ਨੇ ਸਕੂਲ ਲਈ ਰੱਖ ਲਏ।

**ਪ੍ਰਸ਼ਨ ਕ. ਕਿਰਤ ਦਾ ਸਤਿਕਾਰ ਇਕਾਂਗੀ ਤੋਂ ਕੀ ਸਿੱਖਿਆ ਮਿਲ਼ਦੀ ਹੈ? ਆਪਣੇ ਸ਼ਬਦਾਂ ਵਿਚ ਲਿਖੋ।**

ਉੱਤਰ : ਇਸ ਇਕਾਂਗੀ ਤੋਂ ਸਾਨੂੰ ਇਹ ਸਿੱਖਿਆ ਮਿਲਦੀ ਹੈ ਕਿ ਸਾਨੂੰ ਕਿਰਤ ਦਾ ਸਤਿਕਾਰ ਕਰਨਾ ਚਾਹੀਦਾ ਹੈ, ਕਿਸੇ ਕਿਰਤੀ ਦਾ ਹੱਕ ਨਹੀਂ ਮਾਰਨਾ ਚਾਹੀਦਾ ਤੇ ਕਿਸੇ ਵੀ ਕੰਮ ਨੂੰ ਕਰਨ ਤੋਂ ਵੀ ਸ਼ਰਮ ਨਹੀਂ ਕਰਨੀ ਚਾਹੀਦੀ।

### 2. ਹੇਠ ਲਿਖੇ ਮੁਹਾਵਰਿਆਂ ਨੂੰ ਇਸ ਤਰ੍ਹਾਂ ਵਾਕਾਂ ਵਿਚ ਵਰਤੋ ਕਿ ਅਰਥ ਸਪੱਸ਼ਟ ਹੋ ਜਾਣ :

1. **ਮੌਜਾਂ ਮਾਣਨਾ (ਅਨੰਦ ਲੈਣਾ)-** ਬਾਬਲ ਦੇ ਘਰ ਕੁੜੀਆਂ ਖੂਬ ਮੌਜਾਂ ਮਾਣਦੀਆਂ ਹਨ ।
2. **ਕੌਡੀ-ਕੌਡੀ ਜੋੜਨਾ (ਥੋੜੇ-ਥੋੜੇ ਪੈਸੇ ਇਕੱਠੇ ਹੋਣਾ)-** ਗਰੀਬ ਬੰਦਾ ਕੌਡੀ-ਕੌਡੀ ਜੋੜ ਕੇ ਗੁਜ਼ਾਰਾ ਕਰਦਾ ਹੈ।
3. **ਰੰਗੇ ਹੱਥੀਂ ਫੜਨਾ ਦੋਸ਼ੀ ਦਾ ਮੌਕੇ 'ਤੇ ਫੜਿਆ ਜਾਣਾ)-** ਅਸੀਂ ਚੋਰ ਨੂੰ ਚੋਰੀ ਕਰਦਿਆਂ ਰੰਗੇ ਹੱਥੀਂ ਫੜ ਲਿਆ।
4. **ਦੰਡ ਲਾਉਣਾ (ਸਜ਼ਾ ਦੇਣੀ)-** ਪੰਚਾਇਤ ਨੇ ਸ਼ਾਮੇ ਨੂੰ 1000 ਰੁਪਏ ਦਾ ਦੰਡ ਲਾਇਆ।
5. **ਸਫ਼ਾਈ ਪੇਸ਼ ਕਰਨਾ (ਸਬੂਤ ਪੇਸ਼ ਕਰਨਾ )-** ਜੱਜ ਸਾਬ੍ਹ ਨੇ ਚੋਰ ਨੂੰ ਸਜ਼ਾ ਸੁਣਾਉਣ ਤੋਂ ਪਹਿਲਾਂ ਚੋਰੀ ਨਾ ਕਰਨ ਬਾਰੇ ਸਫ਼ਾਈ ਪੇਸ਼ ਕਰਨ ਦਾ ਮੌਕਾ ਦਿੱਤਾ।
6. **ਹੱਕ-ਹਲਾਲ ਦੀ ਕਮਾਈ ਕਰਨਾ (ਮਿਹਨਤ ਕਰ ਕੇ ਕਮਾਉਣਾ)-** ਹੱਕ-ਹਲਾਲ ਦੀ ਕਮਾਈ ਕਰਨ ਵਾਲ਼ੇ ਨੂੰ ਚੈਨ ਦੀ ਨੀਂਦ ਆਉਂਦੀ ਹੈ।

### 3. ਢੁੱਕਵਾਂ ਸ਼ਬਦ ਲਿਖੋ :

1. ਕੰਮ ਕਰਨ ਨਾਲ਼ ਸਰੀਰ **ਅਰੋਗ** ਰਹਿੰਦਾ ਹੈ।
2. ਹੱਥੀਂ ਕੰਮ ਕਰਨ ਨਾਲ਼ ਹਿਰਦਾ **ਸ਼ੁੱਧ** ਹੁੰਦਾ ਹੈ।
3. ਕਿਰਤ ਕਰਨ ਨਾਲ਼ **ਸ਼ਾਂਤੀ** ਮਿਲ਼ਦੀ ਹੈ।
4. ਮਿਹਨਤ ਕਰਨ ਨਾਲ **ਸਫ਼ਲਤਾ** ਪ੍ਰਾਪਤ ਹੁੰਦੀ ਹੈ ।


**ਤਿਆਰ ਕਰਤਾ**

**ਗੁਰਪ੍ਰੀਤ ਸਿੰਘ ਰੂਪਰਾ, ਪੰਜਾਬੀ ਮਾਸਟਰ, 9855800683**

**ਸਮਿਸ ਪੱਖੀ ਖੁਰਦ, ਫ਼ਰੀਦਕੋਟ, roopra.gurpreet@gmail.com**